ਅਸੀਂ ਤੁਹਾਡੇ ਪਰਿਵਾਰ ਅਤੇ ਕੈਂਪਰਫੀਲਡ ਕਾਲਜ ਵਿਚਕਾਰ ਸੰਚਾਰ ਕਰਨ ਲਈ ਕੰਪਾਸ ਦੀ ਵਰਤੋਂ ਕਰਦੇ ਹਾਂ।
ਤੁਸੀਂ ਕਿਸੇ ਵੀ ਮੋਬਾਈਲ ਫੋਨ ਜਾਂ ਕੰਪਿਊਟਰ ਜਿਸ ਦੀ ਇੰਟਰਨੈੱਟ ਤੱਕ ਪਹੁੰਚ ਹੈ, ਦੀ ਵਰਤੋਂ ਕਰਕੇ ਕੰਪਾਸ ਤੱਕ ਪਹੁੰਚ ਕਰ ਸਕਦੇ ਹੋ।


| ਵਿਸ਼ਾ-ਸੂਚੀ | ਸਫਾ |
| --- | --- |
| ਪਹਿਲੀ ਵਾਰ ਕੰਪਾਸ ਵਿੱਚ ਲੌਗ-ਇਨ ਕਿਵੇਂ ਕਰਨਾ ਹੈ: **ਡੈਸਕਟਾਪ/ਲੈਪਟਾਪ** | 1-3 |
| ਪਹਿਲੀ ਵਾਰ ਕੰਪਾਸ ਐਪ ਦੀ ਵਰਤੋਂ ਕਰਕੇ ਕੰਪਾਸ ਵਿੱਚ ਲੌਗ-ਇਨ ਕਿਵੇਂ ਕਰਨਾ ਹੈ: **ਐਪ ਸਟੋਰ** | 4-8 |


# ਪਹਿਲੀ ਵਾਰ ਕੰਪਾਸ ਵਿੱਚ ਲੌਗ-ਇਨ ਕਿਵੇਂ ਕਰਨਾ ਹੈ:
# **ਡੈਸਕਟਾਪ/ਲੈਪਟਾਪ**

1. ਲੌਗ-ਇਨ ਕਰਨ ਲਈ, ਤੁਹਾਨੂੰ ਆਪਣੇ **ਨਿਵੇਕਲੇ ਪਰਿਵਾਰਕ ਵਰਤੋਂਕਾਰ ਵਾਲੇ ਨਾਮ** ਅਤੇ **ਪਾਸਵਰਡ** ਦੀ ਲੋੜ ਪਵੇਗੀ। ਇਹ ਵੇਰਵੇ ਤੁਹਾਨੂੰ ਸਕੂਲ ਦੁਆਰਾ ਦਿੱਤੇ ਗਏ ਹੋਣਗੇ, ਪਰ ਜੇ ਤੁਹਾਨੂੰ ਇਹ ਨਹੀਂ ਮਿਲੇ ਹਨ, ਤਾਂ ਕਿਰਪਾ ਕਰਕੇ ਸਕੂਲ ਦੇ ਦਫਤਰ ਨੂੰ ਫੋਨ ਕਰੋ ਅਤੇ ਉਹ ਤੁਹਾਨੂੰ ਇਹ ਜਾਣਕਾਰੀ ਦੇਣ ਦੇ ਯੋਗ ਹੋਣਗੇ।

   ਸਿਡਨਹੈਮ ਦਫ਼ਤਰ ਦਾ ਨੰਬਰ: 9361 3888
   ਕਿੰਗਜ਼ ਪਾਰਕ ਦਫ਼ਤਰ ਦਾ ਨੰਬਰ: 9365 4111
   ਡੈਲਾਹੀ ਦਫ਼ਤਰ ਦਾ ਨੰਬਰ: 9307 5555

**ਕਿਰਪਾ ਕਰਕੇ ਨੋਟ ਕਰੋ–ਪਾਸਵਰਡ:** ਸਕੂਲ ਤੁਹਾਨੂੰ *ਪਹਿਲੀ ਵਾਰ* ਵਰਤਣ ਲਈ ਕੰਪਾਸ ਵਿੱਚ ਲੌਗ-ਇਨ ਕਰਨ ਵਾਸਤੇ **ਅਸਥਾਈ ਪਾਸਵਰਡ** ਦੇਵੇਗਾ।

To login, go to your school's Compass site. Type in your username and password and click 'Sign in'.




2. ਇਕ ਵਾਰ ਜਦੋਂ ਤੁਸੀਂ ਕੰਪਾਸ ਵਿੱਚ ਲੌਗ-ਇਨ ਕਰ ਲੈਂਦੇ ਹੋ ਤਾਂ ਤੁਹਾਨੂੰ **ਆਪਣੇ ਈਮੇਲ ਪਤੇ ਅਤੇ ਮੋਬਾਈਲ ਨੰਬਰ ਦੀ ਪੁਸ਼ਟੀ ਕਰਨ ਦੀ ਲੋੜ ਪਵੇਗੀ।**




3. ਆਪਣੇ ਅਸਥਾਈ ਪਾਸਵਰਡ ਤੋਂ ਆਪਣੇ **ਤਰਜੀਹੀ ਪਾਸਵਰਡ** ਵਾਸਤੇ ਅੱਪਡੇਟ ਕਰੋ।




ਇਕ ਵਾਰ ਜਦੋਂ ਤੁਸੀਂ ਆਪਣਾ **ਤਰਜੀਹੀ ਪਾਸਵਰਡ** ਚੁਣ ਲੈਂਦੇ ਹੋ ਤਾਂ ਕਿਰਪਾ ਕਰਕੇ 'ਸੇਵ' ਦਬਾਓ।

**ਇਸ ਤਰੀਕੇ ਨਾਲ ਪਹਿਲੀ ਵਾਰ ਕੰਪਾਸ ਵਿੱਚ ਲੌਗ-ਇਨ ਕਰਨਾ ਹੈ।**

੫. ਇਕ ਵਾਰ ਜਦੋਂ ਤੁਸੀਂ ਲੌਗ-ਇਨ ਕਰ ਲੈਂਦੇ ਹੋ, ਤਾਂ ਤੁਸੀਂ ਹੋਮ ਪੇਜ ਉੱਤੇ ਹੋਵੋਗੇ। ਇਹ ਉਸ ਚੀਜ਼ ਦਾ ਨਮੂਨਾ ਹੈ ਜੋ ਤੁਸੀਂ ਵੇਖੋਗੇ



# ਪਹਿਲੀ ਵਾਰ ਕੰਪਾਸ ਐਪ ਦੀ ਵਰਤੋਂ ਕਰਕੇ ਕੰਪਾਸ ਵਿੱਚ ਲੌਗ-ਇਨ ਕਿਵੇਂ ਕਰਨਾ ਹੈ: **ਐਪ ਸਟੋਰ**

**ਕਿਰਪਾ ਕਰਕੇ ਨੋਟ ਕਰੋ:** ਕੰਪਾਸ ਐਪ ਆਈਫੋਨ ਵਰਤਣ ਵਾਲਿਆਂ ਲਈ ਐਪ ਸਟੋਰ ਵਿੱਚ, ਅਤੇ ਸੈਮਸੰਗ, ਆਦਿ ਫ਼ੋਨ ਵਰਤਣ ਵਾਲਿਆਂ ਲਈ ਗੂਗਲ ਪਲੇਅ ਵਿੱਚ, ਦੋਵਾਂ ਥਾਂਵਾਂ ਉਪਰ ਉਪਲਬਧ ਹੈ। ਮੈਂ ਨਿੱਜੀ ਤੌਰ ਤੇ ਇਕ ਆਈਫੋਨ ਦੀ ਵਰਤੋਂ ਕਰਦਾ/ਦੀ ਹਾਂ, ਅਤੇ ਇਸ ਲਈ ਮੈਂ ਤੁਹਾਨੂੰ ਉਹਨਾਂ ਕਦਮਾਂ ਰਾਹੀਂ ਲੈ ਕੇ ਜਾਵਾਂਗਾ/ਗੀ ਜੋ ਮੈਂ ਐਪ ਸਟੋਰ ਰਾਹੀਂ ਕੰਪਾਸ ਐਪ ਨੂੰ ਡਾਊਨਲੋਡ ਕਰਨ ਸਮੇਂ ਅਨੁਭਵ ਕੀਤੇ ਹਨ।

| | |
|---|---|
|  | 1. ਐਪ ਸਟੋਰ ਖੋਲ੍ਹਣ ਤੋਂ ਬਾਅਦ, ਸਕ੍ਰੀਨ ਦੇ ਸਿਖਰ ਉੱਤੇ ਸਰਚ ਬਾਰ ਵਿੱਚ ਮੈਂ 'ਕੰਪਾਸ' ਟਾਈਪ ਕੀਤਾ।<br><br>ਇਹ ਵੇਖ ਕੇ ਕਿ ਨੀਲਾ ਅਤੇ ਚਿੱਟਾ ਕੰਪਾਸ ਲੋਗੋ ਵਿਖਾਈ ਦੇ ਰਿਹਾ ਹੈ, ਤੁਹਾਡੇ ਲਈ ਇਹ ਜਾਣਨ ਦਾ ਇਕ ਤਰੀਕਾ ਹੈ ਕਿ ਤੁਸੀਂ ਸਹੀ ਐਪ ਦੀ ਚੋਣ ਕੀਤੀ ਹੈ। |
|  | 2. ਇਕ ਵਾਰ ਐਪ ਡਾਊਨਲੋਡ ਹੋਣ ਤੋਂ ਬਾਅਦ, 'ਓਪਨ' ਬਟਨ ਦਬਾਓ। |

| | |
|---|---|
| <br> | 3. ਕੰਪਾਸ ਐਪ ਤੁਹਾਨੂੰ ਸਵਾਗਤੀ ਪੰਨੇ ਵੱਲ ਲੈ ਜਾਵੇਗੀ। ਇਸ ਉਦਾਹਰਣ ਵਿੱਚ ਮੈਂ 'ਕੋਪਰਫੀਲਡ ਕਾਲਜ' ਦੇ ਪ੍ਰਗਟ ਹੋਣ ਤੋਂ ਪਹਿਲਾਂ 'ਕੋਪਰ' ਟਾਈਪ ਕੀਤਾ ਸੀ। 'ਕੋਪਰਫੀਲਡ ਕਾਲਜ' ਉੱਤੇ ਕਲਿੱਕ ਕਰੋ। |

<table>
<tr>
<td>
</td>
<td></td>
</tr>
<tr>
<td>
</td>
<td>੫. ਤੁਹਾਨੂੰ ਹੁਣ ਇਸ ਪੰਨੇ ਉੱਤੇ ਭੇਜਿਆ ਜਾਵੇਗਾ, ਜੋ ਤੁਹਾਡੇ ਵਰਤਣ ਵਾਲੇ ਨਾਮ ਅਤੇ ਪਾਸਵਰਡ ਦੀ ਮੰਗ ਕਰਦਾ ਹੈ।<br><br>ਲੌਗ-ਇਨ ਕਰਨ ਲਈ, ਤੁਹਾਨੂੰ ਆਪਣੇ ਨਿਵੇਕਲੇ ਪਰਿਵਾਰਕ ਵਰਤੋਂਕਾਰ ਵਾਲੇ ਨਾਮ ਅਤੇ ਪਾਸਵਰਡ ਦੀ ਲੋੜ ਪਵੇਗੀ।<br>*ਇਸ ਜਾਣਕਾਰੀ ਨੂੰ ਕਿਵੇਂ ਹਾਸਲ ਕਰਨਾ ਹੈ, ਇਸ ਬਾਰੇ ਹਿਦਾਇਤਾਂ ਵਾਸਤੇ, ਕਿਰਪਾ ਕਰਕੇ ਡੈਸਕਟਾਪ/ਲੈਪਟਾਪ ਹਿਦਾਇਤਾਂ ਦਾ ਹਵਾਲਾ ਲਓ।<br><br>ਜੇ ਤੁਹਾਨੂੰ ਇਹਨਾਂ ਵੇਰਵਿਆਂ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣੇ ਕੈਂਪਸ ਦੇ ਦਫ਼ਤਰ ਨੂੰ ਫੋਨ ਕਰੋ (ਫ਼ੋਨ ਨੰਬਰ ਸਫਾ 1 ਉੱਤੇ ਹਨ)</td>
</tr>
</table>

| | |
|---|---|
| <br> | |
|  | 5. 'ਹੋਮ' ਸਕ੍ਰੀਨ।<br>ਇਕ ਵਾਰ ਜਦੋਂ ਤੁਸੀਂ ਸਫਲਤਾਪੂਰਵਕ ਕੰਪਾਸ ਐਪ ਵਿੱਚ ਲੌਗ-ਇਨ ਕਰ ਲੈਂਦੇ ਹੋ, ਤਾਂ ਤੁਹਾਨੂੰ 'ਹੋਮ' ਸਕ੍ਰੀਨ ਵਿਖਾਈ ਦੇਵੇਗੀ। |




6. 'ਹੋਮ' ਸਕ੍ਰੀਨ ਵਿੱਚ ਸਕ੍ਰੀਨ ਦੇ ਖੱਬੇ ਹੱਥ ਦੇ ਕੋਨੇ ਵਿੱਚ 3 ਲੇਟਵੀਆਂ ਲਕੀਰਾਂ ਹਨ। ਇਹਨਾਂ ਵਿਕਲਪਾਂ ਨੂੰ ਦੇਖਣ ਲਈ ਉਸ ਬਟਨ ਨੂੰ ਦਬਾਓ।

**ਕੰਪਾਸ ਐਪ ਦੀਆਂ ਮੁੱਖ ਵਿਸ਼ੇਸ਼ਤਾਵਾਂ ਹਨ:**

*ਸੂਚਨਾਵਾਂ:* ਇਹ ਉਹ ਥਾਂ ਹੈ ਜਿੱਥੇ ਤੁਸੀਂ ਕੋਪਰਫੀਲਡ ਕਾਲਜ ਦੇ ਕਰਮਚਾਰੀਆਂ ਤੋਂ ਆਏ ਸੰਚਾਰ ਦੀ ਜਾਂਚ ਕਰ ਸਕਦੇ ਹੋ।

*ਸਿੱਖਣ ਦੇ ਕੰਮ:* ਇਹ ਉਹ ਜਗ੍ਹਾ ਹੈ ਜਿੱਥੇ ਤੁਸੀਂ ਸਿੱਖਣ ਦੇ ਕੰਮਾਂ (CATs/SACs/ਅਸੈਸਮੈਂਟਾਂ ਜਾਂ ਮੁਲਾਂਕਣਾਂ) ਦੀ ਜਾਂਚ ਕਰ ਸਕਦੇ ਹੋ।

*ਇਤਿਹਾਸ:* ਇਹ ਉਹ ਥਾਂ ਹੈ ਜਿੱਥੇ ਤੁਸੀਂ ਵਿਵਹਾਰ ਨਾਲ ਸਬੰਧਿਤ ਕੰਪਾਸ ਦੀਆਂ ਪੋਸਟਾਂ ਦੀ ਜਾਂਚ ਕਰ ਸਕਦੇ ਹੋ।